BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀ ਕਾਉਂਸਿਲ ਨੇ ਲਗਾਤਾਰ ਤੀਜੇ ਸਾਲ ਬਿਨਾਂ ਟੈਕਸ ਵਾਧੇ ਅਤੇ ਰਾਖਵੀਂ ਪੂੰਜੀ ਦੇ ਰਿਕਾਰਡ ਯੋਗਦਾਨ ਦੇ ਨਾਲ 2021 ਦਾ ਬਜਟ ਪ੍ਰਵਾਨ ਕੀਤਾ

ਬ੍ਰੈਂਪਟਨ, ਓਨਟੈਰੀਓ (9 ਦਸੰਬਰ, 2020) – ਅੱਜ ਕਾਉਂਸਿਲ ਦੀ ਖਾਸ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਸਿਟੀ ਆਫ ਬ੍ਰੈਂਪਟਨ ਦਾ 2021 ਦਾ ਬਜਟ ਸਰਬਸੰਮਤੀ ਨਾਲ ਪ੍ਰਵਾਨ ਕੀਤਾ।

ਇਹ ਲਗਾਤਾਰ ਤੀਜਾ ਸਾਲ ਹੈ, ਜਦੋਂ ਇਹ ਟਰਮ ਆਫ ਕਾਉਂਸਿਲ (Term of Council), ਸਿਟੀ ਦੇ ਬਜਟ ਨੂੰ ਫੰਡ ਦੇਣ ਲਈ 0% ਪ੍ਰਾਪਰਟੀ ਟੈਕਸ ਵਧਾਏਗੀ ਅਤੇ ਨਾਲ ਹੀ, 114 ਮਿਲੀਅਨ ਡਾਲਰ ਦੀ ਰਾਖਵੀਂ ਪੂੰਜੀ ਦਾ ਰਿਕਾਰਡ ਯੋਗਦਾਨ ਪਾਏਗੀ।

ਸਿਟੀ, ਲਗਾਤਾਰ ਤੀਜੇ ਸਾਲ ਬਿਨਾਂ ਟੈਕਸ ਵਾਧੇ ਦੇ ਨਾਲ, ਇਸ ਬਜਟ ਵਿੱਚ ਲਗਾਏ ਗਏ ਸਮਰਪਿਤ ਟੈਕਸਾਂ ਅਤੇ ਰਾਖਵੀਂ ਪੂੰਜੀ ਵਿੱਚ ਰਿਕਾਰਡ ਯੋਗਦਾਨ ਦੁਆਰਾ, ਇੰਫਰਾਸਟ੍ਰਕਚਰ ਅਤੇ ਟ੍ਰਾਂਜ਼ਿਟ ਵਿੱਚ ਨਿਵੇਸ਼ ਜਾਰੀ ਰੱਖ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਆਪਣੇ ਸੰਪਤੀ ਬੇਸ ਵਿੱਚ ਸਥਿਰਤਾ ਅਤੇ ਟ੍ਰਾਂਜ਼ਿਟ ਲਈ ਵਧਦੀਆਂ ਮੰਗਾਂ ਨੂੰ ਪੂਰਾ ਕਰ ਰਹੀ ਹੈ। ਰਾਖਵੀਂ ਪੂੰਜੀ ਵਿੱਚ ਯੋਗਦਾਨ ਵਿੱਚ, ਸਟੌਰਮਵਾਟਰ ਫੀਸ ਨਾਲ ਹੋਣ ਵਾਲੀ ਮਾਲੀ ਆਮਦਨ ਵੀ ਸ਼ਾਮਲ ਹੈ, ਜਿਸਦੇ ਨਤੀਜੇ ਵਜੋਂ 2021 ਦੇ ਬਜਟ ਦੁਆਰਾ, ਕੈਪੀਟਲ ਵਰਕਸ ਸਬੰਧੀ ਪ੍ਰੋਜੈਕਟਾਂ ਵਿੱਚ 114 ਮਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ।

ਕੋਵਿਡ-19 (COVID-19) ਮਹਾਂਮਾਰੀ ਨੇ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸਦੇ ਨਤੀਜੇ ਵਜੋਂ, 2021 ਦੇ ਬਜਟ ਦਾ ਉਦੇਸ਼, ਸਾਡੇ ਭਾਈਚਾਰੇ ਦੀ ਮਦਦ ਕਰਨਾ ਅਤੇ ਇਸਨੂੰ ਮਜ਼ਬੂਤ ਬਣਾਉਣਾ ਹੈ। ਇਹ ਬਜਟ, ਘੱਟ ਬੇਸਲਾਈਨ ਬਜਟ ਤੇ ਕੇਂਦਰਿਤ ਹੈ, ਤਾਂ ਜੋ ਸੇਵਾ ਪੱਧਰਾਂ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਅਜਿਹਾ ਜੁੜਿਆ ਹੋਇਆ, ਗਤੀਸ਼ੀਲ, ਹਰਿਆ-ਭਰਿਆ, ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਬਣਾਉਣ ਲਈ ਸਮੇਂ ਸਿਰ ਨਿਵੇਸ਼ ਮਿਲ ਸਕਣ, ਜੋ ਸ਼ਹਿਰ ਦੇ ਆਰਥਿਕ ਵਾਧੇ ਸਬੰਧੀ ਮੌਕੇ ਵਿਕਸਿਤ ਕਰੇ।

**ਅੰਕੜਿਆਂ ਦੇ ਮੁਤਾਬਿਕ**

- ਪ੍ਰਵਾਨ ਕੀਤੇ ਗਏ 2021 ਦੇ ਬਜਟ ਦੇ ਨਤੀਜੇ ਵਜੋਂ, ਟੈਕਸ ਬਿਲ ਦੇ ਸਿਟੀ ਦੇ ਹਿੱਸੇ ਤੇ 0% ਪ੍ਰਾਪਰਟੀ ਟੈਕਸ ਹੀ ਰੱਖਿਆ ਗਿਆ ਹੈ
- ਸਿਟੀ ਦੇ ਕੁੱਲ ਸੰਚਾਲਨ ਖ਼ਰਚਿਆਂ ਵਿੱਚ 13.4 ਮਿਲੀਅਨ ਡਾਲਰ ਤੱਕ ਦਾ ਵਾਧਾ ਕੀਤਾ ਜਾ ਰਿਹਾ ਹੈ। ਇਸ ਵਾਸਤੇ ਫੰਡ ਮੁਲਾਂਕਣ ਵਾਧੇ ਅਤੇ ਘੱਟ ਬੇਸਲਾਈਨ ਬਜਟ ਤੋਂ ਆਵੇਗਾ।
- 2021 ਦਾ ਕੁੱਲ ਬਜਟ 1.2 ਬਿਲੀਅਨ ਡਾਲਰ ਦਾ ਹੈ। ਇਸ ਵਿੱਚ 767 ਮਿਲੀਅਨ ਡਾਲਰ ਦਾ ਸੰਚਾਲਨ ਬਜਟ (ਸਟਾਫ਼ ਦੀਆਂ ਤਨਖਾਹਾਂ, ਦੇਖਭਾਲ, ਜ਼ਰੂਰੀ ਸੇਵਾਵਾਂ, ਰਾਖਵੀਂ ਪੂੰਜੀ) ਅਤੇ 476 ਮਿਲੀਅਨ ਡਾਲਰ ਦਾ ਪੂੰਜੀ ਬਜਟ (ਖਰੀਦ, ਮੁਰੰਮਤ ਦੇ ਵੱਡੇ ਕੰਮ ਅਤੇ ਸੰਪਤੀਆਂ: ਸੜਕਾਂ, ਬਿਲਡਿੰਗਾਂ ਆਦਿ ਦੀ ਰਿਪਲੇਸਮੈਂਟ) ਸ਼ਾਮਲ ਹੈ।
- ਸਿਟੀ ਦੇ ਬਜਟ ਵਿੱਚ, ਸਿਟੀ ਦੀ ਰਾਖਵੀਂ ਪੂੰਜੀ ਲਈ 114 ਮਿਲੀਅਨ ਡਾਲਰ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਸਾਲਾਨਾ ਯੋਗਦਾਨ ਸ਼ਾਮਲ ਹੈ, ਜੋ ਸਿਟੀ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਹ ਭਵਿੱਖ ਦੀਆਂ ਅਚਨਚੇਤ ਘਟਨਾਵਾਂ ਅਤੇ ਐਮਰਜੈਂਸੀ ਸਬੰਧੀ ਸਥਿਤੀਆਂ ਲਈ ਤਿਆਰੀ ਵਿੱਚ ਅਤੇ ਇੰਫਰਾਸਟ੍ਰਕਚਰ ਅਤੇ ਟ੍ਰਾਂਜ਼ਿਟ ਨੂੰ ਮਦਦ ਕਰਦਾ ਹੈ

**ਝਲਕੀਆਂ**

- ਆਰਥਿਕ ਮੌਕਿਆਂ ਨੂੰ ਵਧਾਉਣ ਅਤੇ ਹੜ੍ਹ ਦੇ ਜੋਖਮਾਂ ਨੂੰ ਘਟਾਉਣ ਲਈ, ਡਾਉਨਟਾਉਨ ਬ੍ਰੈਂਪਟਨ ਵਿੱਚ, ਰਿਵਰਵਾਕ (Riverwalk) ਪ੍ਰੋਜੈਕਟ ਵਿੱਚ ਸਿਟੀ ਦੇ ਨਿਵੇਸ਼ ਦੇ ਹਿੱਸੇ ਵਜੋਂ ਤਿੰਨ ਸਾਲਾਂ ਤੱਕ 26.1 ਮਿਲੀਅਨ ਡਾਲਰ
- ਸਿਹਤਮੰਦ ਭਾਈਚਾਰਕ ਜੀਵਨਸ਼ੈਲੀ ਵਿੱਚ ਮਦਦ ਲਈ 10 ਮਿਲੀਅਨ ਡਾਲਰ
- ਜਲਵਾਯੂ ਤਬਦੀਲੀ, ਸਥਿਰਤਾ ਅਤੇ ਕੁਦਰਤੀ ਵਿਰਾਸਤ ਸਬੰਧੀ ਤਰਜੀਹਾਂ ਦੇ ਲਾਗੂਕਰਣ ਵਿੱਚ ਤੇਜ਼ੀ ਲਿਆਉਣ ਲਈ, ਐਨਵਾਇਰਨਮੈਂਟਲ ਮਾਸਟਰ ਪਲਾਨ (Environmental Master Plan) ਲਾਗੂ ਕਰਨ ਵਾਸਤੇ ਤਿੰਨ ਸਾਲਾਂ ਤੱਕ 1.5 ਮਿਲੀਅਨ ਡਾਲਰ
- ਭੋਜਨ ਸਬੰਧੀ ਸੁਰੱਖਿਆ ਦੀ ਮਦਦ ਲਈ, ਕਮਿਉਨਿਟੀ ਗਾਰਡਨ (Community Garden) ਅਤੇ ਬੈਕਯਾਰਡ ਗਾਰਡਨ (Backyard Garden) ਪ੍ਰੋਗਰਾਮਾਂ ਵਰਗੀਆਂ, ਈਕੋ-ਫ੍ਰੈਂਡਲੀ ਪਹਿਲਕਦਮੀਆਂ ਨੂੰ ਜਾਰੀ ਰੱਖਣ ਲਈ 250,000 ਡਾਲਰ
- ਫਲੀਟ ਦੀ ਭਰੋਸੇਯੋਗਤਾ ਨੂੰ ਕਾਇਮ ਰੱਖਣ ਲਈ ਅੱਠ ਰਿਪਲੇਸਮੈਂਟ ਬੱਸਾਂ; 40 ਨਵੇਂ ਟ੍ਰਾਂਜ਼ਿਟ ਸ਼ੈਲਟਰ; ਭਵਿੱਖੀ ਵਾਧੇ ਨੂੰ ਪੂਰਾ ਕਰਨ ਲਈ, ਟ੍ਰਾਂਜ਼ਿਟ ਦੀ ਦੇਖਭਾਲ ਵਾਲੀ ਅਤੇ ਸਟੋਰੇਜ ਵਾਲੀ ਤੀਜੀ ਫੈਸਿਲਿਟੀ ਲਈ 175 ਮਿਲੀਅਨ ਡਾਲਰ
- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre), ਰੋਜਰਸ ਸਾਈਬਰਸਿਕਿਓਰ ਕੈਟਾਲਿਸਟ (Rogers Cybersecure Catalyst), ਰਾਇਰਸਨ ਵੈਂਚਰ ਜ਼ੋਨ (Ryerson Venture Zone), ਰਿਸਰਚ ਇਨੋਵੇਸ਼ਨ (Research Innovation) ਅਤੇ ਕਮਰਸ਼ਿਅਲਾਈਜ਼ੇਸ਼ਨ ਸੈਂਟਰ (Commercialization Centre) ਦੁਆਰਾ: ਗਤੀਵਿਧੀ ਨੂੰ ਆਕਰਸ਼ਿਤ ਕਰਕੇ, ਡਾਉਨਟਾਉਨ ਬ੍ਰੈਂਪਟਨ ਵਿੱਚ ਇਨੋਵੇਸ਼ਨ ਡਿਸਟ੍ਰਿਕਟ (Innovation District) ਨੂੰ ਮਜ਼ਬੂਤ ਬਣਾਉਣਾ
- ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਅਤੇ ਸੇਵਾ ਵਿੱਚ ਵਧੀ ਹੋਈ ਮੰਗ ਨੂੰ ਸਮੇਂ ਸਿਰ ਪੂਰਾ ਕਰਨ ਲਈ, ਐਨਫੋਰਸਮੈਂਟ (Enforcement) ਵਸੀਲਿਆਂ ਨੂੰ ਮਜ਼ਬੂਤ ਬਣਾਉਣਾ

**ਭਾਈਚਾਰੇ ਦੀ ਮਦਦ ਨਾਲ**

ਸਿਟੀ ਨੇ 2021 ਦੇ ਬਜਟ ਬਾਰੇ, ਈਮੇਲ, ਫੋਨ ਅਤੇ ਟੈਲੀਫੋਨ ਟਾਊਨ ਹਾਲ ਦੁਆਰਾ ਲੋਕਾਂ ਨੂੰ ਆਪਣੀ ਰਾਏ ਦੇਣ ਸੱਦਾ ਦਿੱਤਾ ਸੀ ਅਤੇ ਲਗਭਗ 7,850 ਲੋਕਾਂ ਨੇ ਇਸ ਵਿੱਚ ਹਿੱਸਾ ਲਿਆ। ਸਿਟੀ ਨੇ ਕਈ ਨਿਵਾਸੀਆਂ, ਸੰਗਠਨਾਂ ਅਤੇ ਸਟੇਕਹੋਲਡਰਾਂ ਤੋਂ ਵੀ ਰਾਏ ਲਈ ਸੀ, ਜਿਹਨਾਂ ਨੇ ਨਵੰਬਰ ਵਿੱਚ ਬਜਟ ਕਮੇਟੀ (Budget Committee) ਵਿੱਚ ਪ੍ਰਤੀਨਿੱਧਤਾ ਕੀਤੀ ਸੀ।

**ਹਵਾਲੇ**

"ਆਰਥਿਕ ਜ਼ਿੰਮੇਵਾਰੀ ਨੂੰ ਸਭ ਤੋਂ ਉੱਪਰ ਰੱਖਦੇ ਹੋਏ, ਅਸੀਂ ਕੋਵਿਡ-19 ਮਹਾਂਮਾਰੀ ਦੇ ਦੌਰਾਨ, ਸਾਡੇ ਭਾਈਚਾਰੇ ਦੀ ਮਦਦ ਲਈ, ਬ੍ਰੈਂਪਟਨ ਦਾ ਤੀਜਾ ਬਿਨਾਂ ਟੈਕਸ ਵਿੱਚ ਵਾਧੇ ਵਾਲਾ ਬਜਟ ਪੇਸ਼ ਕਰ ਰਹੇ ਹਾਂ। 2021 ਦਾ ਬਜਟ, ਟ੍ਰਾਂਸਪੋਰਟੇਸ਼ਨ, ਸਥਿਰਤਾ, ਆਰਥਿਕ ਵਾਧੇ ਅਤੇ ਸਿਹਤਮੰਦ ਜੀਵਨਸ਼ੈਲੀ ਵਰਗੀਆਂ, ਸਾਡੇ ਭਵਿੱਖ ਨੂੰ ਬਿਹਤਰ ਬਣਾਉਣ ਵਾਲੀਆਂ ਤਰਜੀਹਾਂ ਵਿੱਚ ਨਿਵੇਸ਼ ਗਤੀ ਨੂੰ ਬਣਾਏ ਰੱਖਣ ਵਾਸਤੇ, ਰਾਖਵੀਂ ਪੂੰਜੀ ਵਿੱਚ ਵੀ ਰਿਕਾਰਡ ਯੋਗਦਾਨ ਕਾਇਮ ਰੱਖਦਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ; ਚੇਅਰ, ਬਜਟ ਕਮੇਟੀ*

"ਬ੍ਰੈਂਪਟਨ ਦੇ ਲੋਕਾਂ ਨੇ, ਸੇਵਾ ਪੱਧਰਾਂ ਨੂੰ ਕਾਇਮ ਰੱਖਣ ਅਤੇ ਆਪਣੇ ਟੈਕਸ ਬਿਲ ਨੂੰ ਪੁੱਜਣਯੋਗ ਰੱਖਣ ਦੇ ਮਹੱਤਵ ਬਾਰੇ, ਆਪਣੀ ਸਪਸ਼ਟ ਚੋਣ ਕੀਤੀ ਹੈ। ਸਾਡੀ ਬਜਟ ਪ੍ਰਕਿਰਿਆ ਦੇ ਦੌਰਾਨ ਅਸੀਂ, 7,850 ਤੋਂ ਵੱਧ ਲੋਕਾਂ ਨੂੰ ਸ਼ਾਮਲ ਕੀਤਾ ਅਤੇ ਸਾਡੇ ਨਿਵਾਸੀਆਂ ਵਾਸਤੇ ਬਿਹਤਰ ਅਤੇ ਸਰਬੋਤਮ ਸੇਵਾਵਾਂ ਪ੍ਰਦਾਨ ਕਰਨ ਤੇ ਧਿਆਨ ਕੇਂਦਰਿਤ ਕੀਤਾ, ਜੋ ਸੇਵਾਵਾਂ ਅਸੀਂ ਸਾਡੇ ਵੰਨ-ਸੁਵੰਨੇ, ਜੋਸ਼ੀਲੇ ਭਾਈਚਾਰੇ ਨੂੰ ਪ੍ਰਦਾਨ ਕਰਦੇ ਹਾਂ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਬਜਟ ਕਮੇਟੀ*

"ਸਿਟੀ ਦੀ ਮਜ਼ਬੂਤ ਆਰਥਿਕ ਸਥਿਤੀ, ਟੈਕਸ ਦੇਣ ਵਾਲਿਆਂ ਨੂੰ, ਅਧਿਕਤਮ ਮੁੱਲ ਪ੍ਰਦਾਨ ਕਰਨ ਦੇ ਸਾਡੇ ਯਤਨਾਂ ਵਿੱਚ ਸੰਚਾਲਕ ਕਾਰਕ ਸੀ। 2021 ਦਾ ਬਜਟ, ਹੁਣ ਅਤੇ ਭਵਿੱਖ ਵਿੱਚ, ਸਾਡੇ ਭਾਈਚਾਰੇ ਦੀ ਸਿਹਤ ਅਤੇ ਆਰਥਿਕ ਪੱਖਾਂ ਵਾਸਤੇ ਠੋਸ ਨਿਵੇਸ਼ ਕਰਦਾ ਹੈ। ਮੈਂ ਸਟਾਫ਼ ਦਾ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਦੇ ਮੁਤਾਬਕ ਨਿਵੇਸ਼ ਨੂੰ ਯਕੀਨੀ ਬਣਾਉਣ ਲਈ, ਫੁਰਤੀ ਅਤੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਹੈ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca